**ਦਫਤਰ ਨਗਰ ਨਿਗਮ ਹੁਸ਼ਿਆਰਪੁਰ**
**ਪ੍ਰੈਸ ਨੋਟ**

## ਨਗਰ ਨਿਗਮ ਦੇ ਕੌਂਸਲਰਾਂ ਦੀ ਮਾਸਿਕ ਮੀਟਿੰਗ ਆਯੋਜਿਤ

# ਹਾਊਸ ਵਲੋ 4 ਨਵੇਂ ਟਿਊਬਵੈਲ ਵਾਰਡ ਨੰ:22,27,28 ਅਤੇ ਮਿਊਂਸਿਪਲ ਭਵਨ ਵਿਖੇ ਲਾਗਉਣ ਦੀ ਪ੍ਰਵਾਨਗੀ.......ਮੇਅਰ ਸ਼ਿਵ ਸੂਦ

## ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕਾਰਜਾਂ ਲਈ ਹਾਊਸ ਵਲੋ 39.15 ਲੱਖ ਰੁਪਏ ਦੇ ਕੰਮਾਂ ਦੀ ਪ੍ਰਵਾਨਗੀ।

ਹੁਸ਼ਿਆਰਪੁਰ 23 ਮਈ ਮੇਅਰ ਸ਼ਿਵ ਸੂਦ ਦੀ ਪ੍ਰਧਾਨਗੀ ਹੇਠ ਨਗਰ ਨਿਗਮ ਦੇ ਡਾ: ਬੀ.ਆਰ ਅੰਬੇਦਕਰ ਮੀਟਿੰਗ ਹਾਲ ਵਿਖੇ ਕੌਂਸਲਰਾਂ ਦੀ ਮਾਸਿਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਕਮਿਸ਼ਨਰ ਜ਼ਸਵੀਰ ਸਿੰਘ, ਕਾਰਜ ਸਾਧਕ ਅਫ਼ਸਰ ਰਮੇਸ਼ ਕੁਮਾਰ, ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਲਾਂ, ਡਿਪਟੀ ਮੇਅਰ ਸ਼ੁਕਲਾ ਸ਼ਰਮਾ, ਐਸ.ਡੀ.ਓ ਹਰਪ੍ਰੀਤ ਸਿੰਘ, ਐਸ.ਡੀ.ਓ ਕੁਲਦੀਪ ਸਿੰਘ, ਸੁਪਰਡੈਂਟ ਸੁਆਮੀ ਸਿੰਘ, ਅਮਿਤ ਕੁਮਾਰ, ਲੇਖਾਕਾਰ ਰਾਜਨ ਕੁਮਾਰ, ਏ.ਟੀ.ਪੀ ਪ੍ਰਦੀਪ ਸਹਿਗਲ, ਜੇ.ਈ ਮਕੈਨੀਕਲ ਅਸ਼ਵਨੀ ਸ਼ਰਮਾ, ਇੰਸਪੈਕਟਰ ਰਾਹੁਲ ਪਾਲ , ਕੁਲਵਿੰਦਰ ਕੁਮਾਰ, ਰਾਜਵੰਸ ਕੌਰ, ਸੈਨਟਰੀ ਇੰਸਪੈਕਟਰ ਸੰਜੀਵ ਕੁਮਾਰ, ਰਾਹੁਲ ਸ਼ਰਮਾ ਅਤੇ ਨਗਰ ਨਿਗਮ ਦੇ ਕੌਂਸਲਰ ਹਾਜਰ ਸਨ।

ਹਾਊਸ ਦੀ ਮੀਟਿੰਗ ਵਿਚ ਦਫ਼ਤਰੀ ਕੰਮਕਾਜ ਤੋਂ ਇਲਾਵਾ ਵੱਖ-ਵੱਖ ਵਾਰਡਾਂ ਦੇ ਵਿਕਾਸ ਕਾਰਜਾਂ ਸਬੰਧੀ ਵਿਸਥਾਰਪੂਰਵਕ ਵਿਚਾਰ ਵਟਾਦਰਾਂ ਕਰਨ ਉਪਰੰਤ ਮੇਅਰ ਸ਼ਿਵ ਸੂਦ ਨੇ ਦਸਿੱਆ ਕਿ ਹਾਊਸ ਵਲੋਂ 4 ਨਵੇਂ ਟਿਊਬਵੈਲ ਵਾਰਡ ਨੰ: 22, 27, 28, ਅਤੇ ਮਿਊਸਿਪਲ ਭਵਨ ਵਿਖੇ ਲਗਾਉਣ ਦੀ ਮਨਜੂਰੀ ਦਿੱਤੀ ਗਈ ਹੈ। ਇਸ ਤੋ ਇਲਾਵਾ ਵੱਖ-ਵੱਖ ਵਾਰਡਾ ਦੇ ਵਿਕਾਸ ਕਾਰਜ਼ਾ ਲਈ 39.15 ਲੱਖ ਰੁਪਏ ਦੇ ਕੰਮਾਂ ਨੂੰ ਹਾਊਸ ਵਲੋ ਪ੍ਰਵਾਨਗੀ ਦਿੱਤੀ ਗਈ ਹੈ। ਉਨਾਂ ਹੋਰ ਦੱਸਿਆ ਕਿ ਵਾਰਡ ਨੰ:8,15,14 ਅਤੇ ਵਾਰਡ ਨੰ: 11,12 ਵਿੱਚ ਲਗਾਏ ਟਿਊਬਵੈਲਾ ਨੂੰ ਬਿਜਲੀ ਦੇ ਕੁਨੈਕਸ਼ਨ ਲਗਾਉਣ ਲਈ ਪਾਵਰ ਕਾਰਪੋਰੇਸ਼ਨ ਵਲੋ ਦਿੱਤੇ ਗਏ 1.52 ਲੱਖ ਰੁਪਏ ਦੇ ਡਿਮਾਡ ਨੋਟਿਸ , ਭੀਮ ਨਗਰ ਵਿਖੇ ਸਟਰੀਟ ਲਾਈਟ ਲਗਾਉਣ ਲਈ ਨਵੇਂ ਪੋਲ ਅਤੇ ਕੰਡਕਟਰ ਲਗਾਉਣ ਲਈ 1,17,700/-ਰੁਪਏ ਅਤੇ ਵਾਰਡ ਨੰ: 29 ਦੇ ਮੁੱਹਲਾ ਪੈਰਾਮਾਊਂਟ ਵਿਖੇ ਸਟਰੀਟ ਲਾਈਟ ਤੇ ਪੋਲ ਅਤੇ ਕੰਡਕਟਰ ਲਗਾਉਣ ਲਈ 2,75,353/-ਰੁਪਏ ਦੀ ਵੀ ਪ੍ਰਵਾਨਗੀ ਦਿੱਤੀ ਗਈ ਹੈ। ਉਨਾਂ ਹੋਰ ਦੱਸਿਆ ਕਿ ਸ਼ਹੀਰ ਦੇ ਵੱਖ-ਵੱਖ ਵਾਰਡਾ ਵਿੱਚ ਸੈਂਟਰਲ ਕਮਰਸ਼ੀਅਲ ਇੰਡਸਟਰੀ ਆਫ ਇੰਡੀਆ ਵਲੋ ਘਰਾਂ, ਦੁਕਾਨਾਂ ਅਤੇ ਹੋਟਲਾ ਆਦਿ ਦਾ ਸਰਵੇ ਕਰਨ ਅਤੇ ਉਹਨਾਂ ਦੀ ਨੰਬਰਿੰਗ ਕਰਨ ਦੀ ਹਾਊਸ ਵਲੋ ਪ੍ਰਵਾਨਗੀ ਦਿੱਤੀ ਗਈ ਹੈ।